# ਦਫਤਰ ਡਾਇਰੈਕਟਰ ਐਸ.ਸੀ.ਈ.ਆਰ.ਟੀ, ਪੰਜਾਬ, ਮੋਹਾਲੀ

ਬਲਾਕ-ਈ, ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ, ਛੇਵੀਂ ਮੰਜਿਲ, ਫੇ-8, ਮੋਹਾਲੀ,ਫੋਨ ਨੰ. 0172-2212221


**ਵੱਲ**

ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ.), ਪੰਜਾਬ
ਸਮੂਹ ਪ੍ਰਿੰਸੀਪਲ ਡਾਇਟ
ਸਮੂਹ ਸਕੂਲ ਮੁੱਖੀ (ਵੈਬਸਾਈਟ ਰਾਹੀਂ)
ਸਮੂਹ ਡੀ.ਐਮ. ਅਤੇ ਬੀ.ਐਮ.(ਸਾਰੇ ਵਿਸ਼ੇ)
ਸਮੂਹ ਅਧਿਆਪਕ (ਵੈਬਸਾਈਟ ਰਾਹੀਂ)

**ਮੀਮੋ ਨੰ:** SCERT, QP/UP/2021279226 **ਮਿਤੀ:-** 17-8-2021

**ਵਿਸ਼ਾ :- 'Teacher Fest'** ਸੰਬੰਧੀ।

**ਹਵਾਲਾ:-** SCERT,QP/UP/2021 196748 **ਮਿਤੀ:**-22-June-2021

**1.0.** ਉਪਰੋਕਤ ਹਵਾਲਾ ਪੱਤਰ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

1.0 ਸਿੱਖਿਆ ਵਿਭਾਗ, ਪੰਜਾਬ ਵੱਲੋਂ ਅਧਿਆਪਕਾਂ ਦੁਆਰਾ ਕੀਤੀਆਂ ਜਾ ਰਹੀਆਂ innovations ਨੂੰ ਵਧਾਵਾ ਦੇਣ ਲਈ 'Teacher Fest' ਕਰਵਾਉਣ ਲਈ **field** ਵਿੱਚ ਦਿਸ਼ਾ ਨਿਰਦੇਸ਼ ਦਿੱਤੇ ਗਏ ਸਨ।

2.0 ਇਸ ਲਈ ਬਲਾਕ/ ਜ਼ਿਲ੍ਹਾ/ ਸਟੇਟ ਪੱਧਰ ਦੀਆਂ ਮਿਤੀਆਂ ਹੇਠ ਲਿਖੀਆਂ ਅਨੁਸਾਰ ਸਨ :-

| Level | Tentative Dates | Participants |
|---|---|---|
| Block Level | July 22-24, 2021 | All Subjects Teachers |
| District Level | August 26-28, 2021 | Teachers Selected at Block Level |
| State Level | September 01-03, 2021 | Teachers Selected at District Level |

ਜਿਸਦਾ ਬਲਾਕ ਪੱਧਰ ਤੇ Teacher Fest online ਹੋ ਚੁੱਕਿਆ ਹੈ।

1) ਕਿਉਂਕਿ ਹੁਣ ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਸਾਰੇ ਸਕੂਲ, ਸਾਰੀਆਂ ਜਮਾਤਾਂ ਲਈ ਮਿਤੀ 02-08-2021 ਤੋਂ ਖੁੱਲ ਗਏ ਹਨ ਅਤੇ ਇਸ ਸੰਬੰਧੀ ਫੀਲਡ ਵਿੱਚੋਂ ਆ ਰਹੀ ਲਗਾਤਾਰ ਮੰਗ ਨੂੰ ਮੱਦੇਨਜ਼ਰ ਰੱਖਦੇ ਹੋਏ ਬਲਾਕ ਪੱਧਰ ਤੇ ਵਿਸ਼ਾ-ਵਾਈਜ਼ ਚੁਣੇ ਗਏ ਅਧਿਆਪਕਾਂ ਲਈ District Level ਤੇ Teacher Fest ਉਪਰੋਕਤ schedule ਮੁਤਾਬਿਕ August 26-28, 2021 ਨੂੰ Offline ਕਰਵਾਇਆ ਜਾ ਰਿਹਾ ਹੈ। ਇਸੇ ਤਰ੍ਹਾਂ State Level ਦਾ Teacher Fest ਉਪਰੋਕਤ schedule ਮੁਤਾਬਿਕ September 02-03, 2021 ਨੂੰ Offline ਜ਼ਿਲ੍ਹਾ Amritsar ਵਿਖੇ ਕਰਵਾਇਆ ਜਾ ਰਿਹਾ ਹੈ।

2) ਇਹ 'Teacher Fest' ਨੂੰ District Level ਅਤੇ State Level ਤੇ offline mode ਵਿੱਚ ਕਰਵਾਉਣ ਲਈ COVID-19, SOP ਦੀ ਹਦਾਇਤਾਂ ਦੀ ਪੂਰੀ ਤਰ੍ਹਾਂ ਪਾਲਣਾ ਨੂੰ ਯਕੀਨੀ ਬਣਾਉਣਾ ਹੋਵੇਗਾ। ਵਿਸ਼ੇਸ਼ ਕਰਕੇ ਹੇਠ ਲਿਖੀਆਂ ਹਦਾਇਤਾਂ ਵੱਲ ਧਿਆਨ ਦਿੱਤਾ ਜਾਵੇ ਜੀ:-

i. Offline Teacher Fest ਕਰਵਾਉਣ ਸਮੇਂ social distancing ਦਾ ਵਿਸ਼ੇਸ਼ ਤੌਰ ਤੇ ਧਿਆਨ ਰੱਖਿਆ ਜਾਵੇ। ਕੋਸ਼ਿਸ਼ ਕੀਤੀ ਜਾਵੇ ਕਿ Teacher Fest ਖੁੱਲੀ ਜਗ੍ਹਾ ਤੇ ਕਰਵਾਇਆ ਜਾਵੇ ਜੇਕਰ Teacher Fest ਕਮਰਿਆਂ ਵਿੱਚ ਕਰਵਾਇਆ ਜਾ ਰਿਹਾ ਹੈ ਤਾਂ ਇੱਕ ਕਮਰੇ ਵਿੱਚ 15 ਤੋਂ ਵੱਧ ਅਧਿਆਪਕ ਨਾ ਹੋਣ।

ii. ਅਧਿਆਪਕਾਂ ਵੱਲੋਂ ਹਰ ਸਮੇਂ mask ਲਗਾ ਕੇ ਰੱਖਿਆ ਜਾਵੇ।

iii. ਵਾਰ-ਵਾਰ ਹੱਥ sanitize ਕਰਨ ਅਤੇ ਹੱਥ ਧੋਣ ਦੀ provision ਦਿੱਤੀ ਜਾਵੇ।

iv. ਆਪਸ ਵਿੱਚ ਵਸਤੂਆਂ ਦਾ ਆਦਾਨ ਪ੍ਰਦਾਨ ਕਰਨ ਤੋਂ ਗੁਰੇਜ ਕੀਤਾ ਜਾਵੇ ਜੀ।

3) ਜ਼ਿਲ੍ਹਾ ਪੱਧਰ ਲਈ ਸਮੂਹ DM(All Subject) ਬਲਾਕ ਪੱਧਰ ਤੇ ਆਉਣ ਵਾਲੀਆਂ ਹਰੇਕ ਵਿਸ਼ੇ ਦੀਆਂ ਪਹਿਲੀਆਂ ਤਿੰਨ position ਹਾਸਲ ਕਰਨ ਵਾਲੇ ਅਧਿਆਪਕਾਂ ਦੀ entries ਸੰਬੰਧਤ ਜ਼ਿਲ੍ਹੇ ਦੇ DM(Coordinator) ਨੂੰ email ਕਰ ਦਿਤੀਆਂ ਜਾਣ ਜੀ ਤਾਂ ਜੋ ਜ਼ਿਲ੍ਹਾ ਪੱਧਰ ਤੇ ਹੋਣ ਵਾਲਾ Teacher Fest ਸੰਬੰਧਤ DEO(SE) ਦੀ ਦੇਖਰੇਖ ਵਿੱਚ ਸਫਲਤਾ ਪੂਰਵਕ ਕਰਵਾਇਆ ਜਾ ਸਕੇ।

4) ਇਸ Teacher Fest ਨੂੰ DEO(SE) ਦੀ ਦੇਖਰੇਖ ਵਿੱਚ ਸਫਲਤਾਪੂਰਵਕ ਕਰਵਾਉਣ ਲਈ ਜ਼ਿਲ੍ਹਾਪੱਧਰ ਤੇ jury ਬਣਾਕੇ ਅਤੇ ਸਥਾਨ (Venue) ਦੀ ਚੋਣ ਕਰਕੇ ਭਾਗ ਲੈਣ ਵਾਲੇ ਅਧਿਆਪਕਾਂ ਨੂੰ ਅਗਾਊਂ ਜਾਣਕਾਰੀ ਦਿੱਤੀ ਜਾਵੇ ਅਤੇ ਇਸ ਸੰਬੰਧੀ ਜਾਣਕਾਰੀ head office ਨੂੰ ਵੀ ਭੇਜੀ ਜਾਵੇ।

5) ਜ਼ਿਲ੍ਹਾ ਪੱਧਰ ਤੇ ਜੇਤੂ ਵਿਸ਼ਾ ਅਧਿਆਪਕ(ਕੇਵਲ First Position) ਪ੍ਰਤੀ ਜ਼ਿਲ੍ਹਾ ਪ੍ਰਤੀ ਵਿਸ਼ਾ ਇੱਕ ਦੀ entry DM(Coordinator) ਅੰਮ੍ਰਿਤਸਰ (email id- dmcoordinatoramritsar@gmail.com) ਨੂੰ ਸਟੇਟ ਪੱਧਰ ਤੇ ਭਾਗ ਲੈਣ ਲਈ ਭੇਜੀ ਜਾਵੇ ਜੀ।

6) ਸਟੇਟ ਪੱਧਰ ਤੇ ਜ਼ਿਲ੍ਹਾ ਪੱਧਰ ਤੇ ਚੁਣੇ ਹੋਏ ਵਿਸ਼ਾ ਅਧਿਆਪਕ ਦਾ 'Teacher Fest' DEO(SE) Amritsar ਦੀ ਦੇਖਰੇਖ ਵਿੱਚ Senior Secondary School for Meritorious Students, Bye pass Road, Near Saada Pind, Amritsar ਵਿਖੇ ਮਿਤੀ September 02-03, 2021 ਤਕ ਦੋ ਦਿਨਾਂ ਲਈ ਕਰਵਾਇਆ ਜਾਵੇਗਾ ਜਿਸ ਦੀ registration ਮਿਤੀ 30-08-2021 ਤਕ email dmcoordinatoramritsar@gmail.com ਰਾਹੀਂ ਕੀਤੀ ਜਾਵੇਗੀ।

7) ਸਟੇਟ ਪੱਧਰ ਦਾ Teacher Fest ਦੌਰਾਨ ਜੇਕਰ ਕੋਈ ਅਧਿਆਪਕ ਮਿਤੀ September 02, 2021 ਨੂੰ stay ਕਰਨਾ ਚਾਹੁੰਦਾ ਹੈ ਤਾਂ ਉਕਤ ਈਮੇਲ ਰਾਹੀਂ registration ਰਾਹੀਂ ਅਗਾਊਂ ਸੂਚਿਤ ਕਰੇਗਾ।

8) <u>ਇਨਾਮ ਰਾਸ਼ੀ</u>:-ਸਟੇਟ ਪੱਧਰ ਤੇ ਜੇਤੂ ਅਧਿਆਪਕ(First Position) ਨੂੰ ਪ੍ਰਤੀ ਵਿਸ਼ਾ 5100 ਰੁਪਏ ਨਗਦ ਅਤੇ ਪ੍ਰਸੰਸਾ ਪੱਤਰ ਦਿੱਤਾ ਜਾਵੇਗਾ। ਇਸੇ ਤਰ੍ਹਾਂ ਜ਼ਿਲ੍ਹਾਂ ਪੱਧਰ ਤੇ ਜੇਤੂ ਅਧਿਆਪਕ(First Position) ਨੂੰ ਪ੍ਰਤੀ ਵਿਸ਼ਾ 2100 ਰੁਪਏ ਨਗਦ ਅਤੇ ਪ੍ਰਸੰਸਾ ਪੱਤਰ ਦਿੱਤਾ ਜਾਵੇਗਾ ਅਤੇ ਬਲਾਕ ਪੱਧਰ ਤੇ ਜੇਤੂ ਅਧਿਆਪਕ(First Position) ਨੂੰ ਪ੍ਰਤੀ ਵਿਸ਼ਾ 501 ਰੁਪਏ ਨਗਦ ਅਤੇ ਪ੍ਰਸੰਸਾ ਪੱਤਰ letter ਦਿੱਤਾ ਜਾਵੇ ਜੀ। ਇਸ ਸੰਬੰਧੀ ਉਕਤ ਹਵਾਲਾ ਪੱਤਰ ਅਧੀਨ ਜ਼ਿਲ੍ਹਾ ਪੱਧਰ ਅਤੇ ਬਲਾਕ ਪੱਧਰ ਤੇ ਖਰਚ ਕੀਤੀ ਜਾਣ ਵਾਲੀ ਰਾਸ਼ੀ ਪਹਿਲਾ ਹੀ DEO(EE) ਨੂੰ ਜਾਰੀ ਕੀਤੀ ਜਾ ਚੁੱਕੀ ਹੈ ਅਤੇ ਸਟੇਟ ਪੱਧਰ ਤੇ ਆਉਣ ਵਾਲੇ ਖਰਚੇ ਦੀ ਰਾਸ਼ੀ ਵੱਖਰੇ ਤੌਰ ਤੇ ਰੀਲੀਜ਼ ਕੀਤੀ ਜਾਵੇਗੀ।

**ਸ਼ੁਭਇਛਾਵਾਂ!**

(ਸ਼ੈਲਿੰਦਰ ਸਿੰਘ)

ਸਹਾਇਕ ਡਾਇਰੈਕਟਰ, ਐਸ.ਸੀ.ਈ.ਆਰ.ਟੀ, ਪੰਜਾਬ।